3859
9/8/17

# ਦਫਤਰ ਸਿਵਲ ਸਰਜਨ, ਅੰਮ੍ਰਿਤਸਰ

ਨੰ.ਆਰ.ਬੀ.ਐਸ.ਕੇ/17/361-64 ਮਿਤੀ:07/08/2017

ਵੱਲ,

ਜਿਲ੍ਹਾ ਸਿੱਖਿਆ ਅਫਸਰ (ਸ),
ਜਿਲ੍ਹਾ ਸਿੱਖਿਆ ਅਫਸਰ (ਏ),
ਜਿਲ੍ਹਾ ਪ੍ਰੋਗਰਾਮ ਅਫਸਰ (ICDS),
ਸਮੂਹ ਪ੍ਰਿੰਸੀਪਲ ਪ੍ਰਾਈਵੇਟ ਸਕੂਲ,
ਅੰਮ੍ਰਿਤਸਰ।

ਵਿਸ਼ਾ:- **National Deworming day** ਪ੍ਰੋਗਰਾਮ ਅਧੀਨ ਮਿਤੀ 10/08/2017 ਨੂੰ ਡੀ-ਵਾਰਮਿੰਗ ਡੇ ਮਨਾਉਣ ਸਬੰਧੀ।

ਹਵਾਲਾ:- ਮਾਣਯੋਗ ਮਿਸ਼ਨ ਡਾਇਰੈਕਟਰ ਐਨ.ਐਚ.ਐਮ ਪੰਜਾਬ ਚੰਡੀਗੜ ਜੀ ਦੇ ਮੀਮੋ ਨੰ RKSK/Pb/2017/227-248 ਮਿਤੀ 27/07/2017 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿਚ ਬੇਨਤੀ ਹੈ ਕਿ ਭਾਰਤ ਸਰਕਾਰ ਵੱਲੋ ਸਕੂਲਾਂ ਅਤੇ ਆਂਗਨਵਾੜੀਆਂ ਵਿਚ ਡੀ-ਵਾਰਮਿੰਗ ਡੇ ਮਨਾਉਣ ਲਈ ਮਿਤੀ 10/07/2017 ਮਿਥੀ ਗਈ ਹੈ ਅਤੇ ਉਸ ਦਿਨ ਗੋਲੀ ਖਾਣ ਤੋ ਰਹਿ ਗਏ ਬੱਚਿਆਂ ਲਈ ਮਿਤੀ 17/07/2017 (Mop-Up Day) ਨੂੰ ਮਿਥੀ ਗਈ ਹੈ। ਡੀ-ਵਾਰਮਿੰਗ ਡੇ ਤੇ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ, ਆਂਗਨਵਾੜੀ ਵਿਚ ਰਜਿਸਟਰਡ ਬੱਚਿਆਂ ਨੂੰ, 1 ਤੋ 2 ਸਾਲ ਦੇ ਬੱਚਿਆਂ ਅੱਧੀ ਗੋਲੀ ਜਾਂ ਅੱਧਾ ਸਿਰਪ ਅਤੇ 2 ਤੋ 19 ਸਾਲ ਦੇ ਬੱਚਿਆਂ ਨੂੰ ਲਈ ਇੱਕ ਗੋਲੀ ਐਲਬੈਂਡਾਜੋਲ ਦੀ ਖਵਾਈ ਜਾਵੇਗੀ।

ਸੋ ਆਪ ਨੂੰ ਦੱਸਿਆ ਜਾਂਦਾ ਹੈ ਕਿ ਐਲਬੈਂਡਾਜੋਲ ਦੀਆਂ ਗੋਲੀਆਂ ਦੀ ਸਪਲਾਈ ਹੈਲਥ ਬਲਾਕਾਂ ਤੱਕ ਪਹੁੰਚ ਚੁੱਕੀ ਹੈ, ਸੋ ਬਲਾਕ ਅਧੀਨ ਬੱਚਿਆਂ ਦੀ ਗਿਣਤੀ ਅਨੁਸਾਰ ਸਪਲਾਈ ਸਬੰਧਿਤ ਬਲਾਕ ਤੋ ਪ੍ਰਾਪਤ ਕਰਕੇ, ਮਿਤੀ 10/07/2017 ਨੂੰ ਸਾਰੇ ਬੱਚਿਆਂ ਨੂੰ ਖਵਾਈ ਜਾਵੇ ਅਤੇ ਰਹਿ ਗਏ ਬੱਚਿਆਂ ਨੂੰ ਮਿਤੀ 17/07/2017 ਨੂੰ ਖਵਾਈ ਜਾਵੇ ਤਾਂ ਜ਼ੋ ਕੋਈ ਵੀ ਬੱਚਾ ਗੋਲੀ ਖਾਧੇ ਬਿਨਾਂ ਨਾ ਰਹਿ ਜਾਵੇ। ਇਹ ਵੀ ਧਿਆਨ ਵਿਚ ਰੱਖਿਆ ਜਾਵੇ ਕਿ ਐਲਬੈਡਾਜੋਲ ਦੀ ਗੋਲੀ ਖਾਲੀ ਪੇਟ ਨਾ ਖਵਾਈ ਜਾਵੇ ਬਲਕਿ ਖਾਣਾ ਖਾਣ ਤੋ ਬਾਅਦ ਦਿੱਤੀ ਜਾਵੇ। ਤਾਂ ਜੋ ਪ੍ਰੋਗਰਾਮ ਨੂੰ ਭਾਰਤ ਸਰਕਾਰ ਦੀਆਂ ਹਿਦਾਇਤਾ ਮੁਤਾਬਿਕ ਚਲਾਇਆ ਜਾ ਸਕੇ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਸਿਵਲ ਸਰਜਨ,
ਅੰਮ੍ਰਿਤਸਰ।

ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

ਪ੍ਰਿੰਠ. ਜੀ-4/2017-888 ਮਿਤੀ ਅੰਮ੍ਰਿਤਸਰ: 9/8/17

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਸਰਕਾਰੀ/ਏਡਿਡ/ਸਕਿਲ/ਪ੍ਰਾਈਵੇਟ/ਏਡਿਡ/ਸਹਾਇਤਾ ਪ੍ਰਾਪਤ ਸਕੂਲਾਂ ਨੂੰ ਇਨ ਬਿਨ ਪਾਲਣਾ ਹਿਤ ਭੇਜਿਆ ਜਾਂਦਾ ਹੈ ਇਸ ਨੂੰ ਅਤੀ ਜਰੂਰੀ ਸਮਝਿਆ ਜਾਵੇ।

09/08/17
ਉਪ ਜ਼ਿਲਾ ਸਿੱਖਿਆ ਅਫਸਰ (ਸੈ.ਸਿ)